1 ਫਰਵਰੀ, 2018

# ਰਿਵਰਸਟੋਨ ਦੇ ਭਵਿੱਖ ਬਾਰੇ ਜਾਣੋ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਰਿਵਰਸਟੋਨ ਕਲੱਬਹਾਊਸ (Riverstone Clubhouse) ਵਿਖੇ ਭਵਿੱਖੀ ਭਾਈਚਾਰਕ ਕੇਂਦਰ ਬਾਰੇ ਅਤੇ ਇਹ ਸਾਡੇ ਭਾਈਚਾਰੇ ਲਈ ਕਿਵੇਂ ਫ਼ਾਇਦੇਮੰਦ ਹੋਵੇਗਾ, ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਜਨਤਕ ਮੀਟਿੰਗ ਦਾ ਆਯੋਜਨ ਕਰੇਗਾ। ਜਨਤਾ ਨੂੰ ਬਿਲਡਿੰਗ ਵਿੱਚ ਆਉਣ, ਪ੍ਰੋਜੈਕਟ ਬਾਰੇ ਸਿਟੀ ਸਟਾਫ ਨਾਲ ਗੱਲਬਾਤ ਕਰਨ ਅਤੇ ਬ੍ਰੈਂਪਟਨ ਦੇ ਬਿਲਕੁੱਲ ਨਵੇਂ ਰੇਕ੍ਰੀਏਸ਼ਨ ਕੇਂਦਰ ਅਤੇ ਸੰਭਾਲ ਖੇਤਰ (ਕੋਨਜਰਵੇਸ਼ਨ ਏਰੀਆ) ਲਈ ਯੋਜਨਾਵਾਂ ਬਾਰੇ ਜਾਣਨ ਲਈ ਸੱਦਾ ਦਿੱਤਾ ਜਾਂਦਾ ਹੈ।

ਜਨਤਕ ਮੀਟਿੰਗ ਵੀਰਵਾਰ, 15 ਫਰਵਰੀ ਨੂੰ ਦੁਪਹਿਰ ਬਾਅਦ 1-3 ਵਜੇ ਤੱਕ ਅਤੇ ਸ਼ਾਮ 6-8 ਵਜੇ ਤੱਕ ਆਯੋਜਿਤ ਕੀਤੀ ਜਾਏਗੀ। ਦੋ ਸੈਸ਼ਨ ਰਿਵਰਸਟੋਨ ਕਲੱਬਹਾਊਸ, 150 ਡੋਨ ਮਿਨਾਕੇਰ ਡ੍ਰਾਈਵ (150 Don Minaker Drive) (ਮੈਕਵੀਨ ਡ੍ਰਾਈਵ (McVean Drive) ਅਤੇ ਕਵੀਨ ਸਟ੍ਰੀਟ ਈਸਟ (Queen Street East)) ਵਿਖੇ ਹੋਣਗੇ।

ਬਹਾਲ ਕੀਤੇ ਗਏ ਭਾਈਚਾਰਕ ਕੇਂਦਰ ਵਿੱਚ ਫਿੱਟਨੈਸ ਕਮਰੇ, ਇੱਕ ਤੋਂ ਵੱਧ ਕੰਮਾਂ ਵਾਲੇ ਕਮਰੇ ਅਤੇ ਥੈਰੇਪਿਉਟਿਕ ਪੂਲ ਵਾਲੀ ਇੱਕ ਅੱਪਡੇਟ ਕੀਤੀ ਤੈਰਾਕੀ ਫੈਸਿਲਿਟੀ ਹੋਵੇਗੀ। ਹਰ ਉਮਰ ਦੇ ਨਿਵਾਸੀਆਂ ਦਾ ਕੇਂਦਰ ਵਿੱਚ ਅਨੰਦ ਮਾਣਨ ਲਈ ਸੁਆਗਤ ਹੈ, ਜਦਕਿ ਬਜ਼ੁਰਗਾਂ ਸਬੰਧੀ ਪ੍ਰੋਗਰਾਮਾਂ 'ਤੇ ਜ਼ੋਰ ਬ੍ਰੈਂਪਟਨ ਦੀ ਪੂਰਬ ਪਾਸੇ ਵਾਲੀ ਬਜ਼ੁਰਗ ਅਬਾਦੀ ਦੀ ਸਹਾਇਤਾ ਕਰਨ ਵਿੱਚ ਮਦਦ ਕਰੇਗਾ। ਘਾਟੀ ਦੀਆਂ ਜ਼ਮੀਨਾਂ, ਜਿਹਨਾਂ 'ਤੇ ਪਹਿਲਾਂ ਗੋਲਫ ਕੋਰਸ ਬਣਿਆ ਹੋਇਆ ਹੈ, ਨੂੰ ਇੱਕ ਨਵਾਂ ਸੰਭਾਲ ਖੇਤਰ (ਕੋਨਜਰਵੇਸ਼ਨ ਏਰੀਆ) ਬਣਾਉਣ ਲਈ ਕੁਦਰਤੀ ਰੂਪ ਦਿੱਤਾ ਜਾਏਗਾ। ਇਹ ਸਥਾਨਕ ਜੰਗਲੀ ਜੀਵਨ ਲਈ ਜ਼ਰੂਰੀ ਨਿਵਾਸ ਨੂੰ ਸਾਂਭ ਕੇ ਰੱਖੇਗਾ ਅਤੇ ਕਿਰਿਆਸ਼ੀਲ ਜੀਵਨ ਨੂੰ ਉਤਸ਼ਾਹਿਤ ਕਰਨ ਲਈ ਇੱਕ ਜੁੜਿਆ ਹੋਇਆ ਟ੍ਰੇਲ (ਰਸਤੇ) ਸਿਸਟਮ ਮੁਹੱਈਆ ਕਰੇਗਾ।

ਰਿਵਰਸਟੋਨ ਕਲੱਬਹਾਊਸ ਅਤੇ ਆਸਪਾਸ ਦੀਆਂ ਜ਼ਮੀਨਾਂ ਦੀ ਖਰੀਦ ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ (Parks and Recreation Master Plan) ਨੂੰ ਤਿਆਰ ਕਰਨ ਦੇ ਦੌਰਾਨ ਬ੍ਰੈਂਪਟਨ ਦੇ ਨਿਵਾਸੀਆਂ, ਭਾਈਚਾਰਕ ਸਮੂਹਾਂ ਅਤੇ ਕਾਰੋਬਾਰੀਆਂ ਦੇ ਨਾਲ ਵਿਆਪਕ ਸਲਾਹ-ਮਸ਼ਵਰੇ 'ਤੇ ਆਧਾਰਿਤ ਸੀ। ਨਵੀਂ ਬਣਾਉਣ ਦੀ ਬਜਾਏ ਇੱਕ ਮੌਜੂਦਾ ਫੈਸਿਲਿਟੀ ਨੂੰ ਬਹਾਲ ਕਰਕੇ, ਸਿਟੀ ਮਿਲੀਅਨ ਡਾਲਰ ਅਤੇ ਉਸਾਰੀ ਵਿੱਚ ਲੱਗਣ ਵਾਲੇ ਸਾਲਾਂ ਦੇ ਸਮੇਂ ਦੀ ਬਚਤ ਕਰੇਗਾ।

ਇਸ ਭਾਈਚਾਰਕ ਕੇਂਦਰ ਅਤੇ ਸੰਭਾਲ ਖੇਤਰ (ਕੋਨਜਰਵੇਸ਼ਨ ਏਰੀਆ) ਦਾ ਵਾਧਾ ਰੇਕ੍ਰੀਏਸ਼ਨ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਵੇਗਾ ਅਤੇ ਸਥਾਨਕ ਨਿਵਾਸੀਆਂ ਲਈ ਇੱਕ ਸਿਹਤਮੰਦ, ਕਿਰਿਆਸ਼ੀਲ ਜੀਵਨਸ਼ੈਲੀ ਵਿੱਚ ਸਹਾਇਤਾ ਕਰੇਗਾ।

ਨਵੇਂ ਰੇਕ੍ਰੀਏਸ਼ਨ ਕੇਂਦਰ ਦੇ ਬਸੰਤ ਰੁੱਤ 2019 ਵਿੱਚ ਜਨਤਾ ਲਈ ਖੁੱਲ੍ਹਣ ਦੀ ਸੰਭਾਵਨਾ ਹੈ। ਹੋਰ ਜਾਣਕਾਰੀ ਅਤੇ ਪ੍ਰੋਜੈਕਟ ਸਬੰਧੀ ਅੱਪਡੇਟਾਂ ਲਈ, www.brampton.ca/riverstone 'ਤੇ ਜਾਓ।

-30-

BRAMPTON Flower City
brampton.ca

media release

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਬ੍ਰਿਅਨ ਸਟਿੱਟਲ (Brian Stittle)
ਸੀਨੀਅਰ ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.2143 | brian.stittle@brampton.ca